ਮਿੱਠੇ ਬੱਚੇ:- "ਮਿੱਠੇ ਬੱਚੇ:- ਅੰਤਰਮੁੱਖੀ ਬਣ ਪੜ੍ਹਾਈ ਵਿੱਚ ਤੱਤਪਰ ਰਹੋ, ਸ਼੍ਰੀਮਤ ਤੇ ਸਦਾ ਚੱਲਦੇ ਰਹੋ ਤਾਂ ਤੁਹਾਡੀ ਤਕਦੀਰ ਬਹੁਤ ਉਚ ਬਣ ਜਾਏਗੀ, ਇਹ ਸਮਾਂ ਹੈ ਆਪਣੀ ਤਕਦੀਰ ਬਣਾਉਣ ਦਾ"

ਪ੍ਰਸ਼ਨ:- ਤੁਹਾਡੀ ਬੱਚਿਆਂ ਦੀ ਉੱਚ ਤਕਦੀਰ ਕਿਹੜੀ ਹੈ ਜਿਸਦੇ ਆਧਾਰ ਤੇ ਤੁਸੀਂ ਸਾਰੇ ਸ੍ਰਿਸ਼ਟੀ ਦੀ ਤਕਦੀਰ ਨੂੰ ਜਾਣ ਲੈਂਦੇ ਹੋ?

ਉੱਤਰ:- ਸਵਦਰਸ਼ਨ ਚੱਕਰਧਾਰੀ ਬਣਨਾ - ਇਹ ਹੈ ਸਭਤੋਂ ਉੱਚੀ ਤੋਂ ਉੱਚੀ ਤਕਦੀਰ। ਤੁਸੀਂ ਬ੍ਰਾਹਮਣ ਹੁਣ ਸਵਦਰਸ਼ਨ ਚੱਕਰਧਾਰੀ ਬਣੇ ਹੋ। ਤੁਸੀਂ ਆਪਣੀ ਵੀ ਤਕਦੀਰ ਨੂੰ ਜਾਣਦੇ ਹੋ ਤਾਂ ਸਾਰੀ ਸ੍ਰਿਸਟੀ ਦੀ ਵੀ ਤਕਦੀਰ ਨੂੰ ਜਾਣਦੇ ਹੋ। ਬਾਬਾ ਆਏ ਹਨ ਤੁਸੀਂ ਬੱਚਿਆਂ ਦੀ ਹੀਰੇ ਸਮਾਨ ਤਕਦੀਰ ਬਨਾਉਣ। ਸਮ੍ਰਿਤੀ ਵਿੱਚ ਰਹੇ ਖੁਦ ਭਗਵਾਨ ਸਾਡੀ ਤਕਦੀਰ ਬਨਾਉਣ ਦੇ ਲਈ ਪੜਾ ਰਹੇ ਹਨ ਤਾਂ ਤਕਦੀਰ ਬਣਦੀ ਰਹੇਗੀ।

ਗੀਤ:- ਆਣੇ ਵਾਲੇ ਕਲ ਕੀ ਤੁਮ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਦੇ ਦੋ ਸ਼ਬਦ ਸੁਣੇ। ਸੁਣਨ ਨਾਲ ਹੀ ਆਪਣੀ ਤਕਦੀਰ ਦਾ ਨਸ਼ਾ ਚੜ ਜਾਂਦਾ ਹੈ। ਇਹ ਹੈ ਅਵਿਨਾਸ਼ੀ ਨਸ਼ਾ, ਉਤਰਨਾ ਨਹੀਂ ਚਾਹੀਦਾ ਹੈ। ਕਈ ਮਨੁੱਖ ਸ਼ਾਹੂਕਾਰ ਪਦਮਪਤੀ ਹੁੰਦੇ ਹਨ ਤਾਂ ਉਹਨਾਂ ਨੂੰ ਰਾਤ - ਦਿਨ ਨਸ਼ਾ ਰਹਿੰਦਾ ਹੈ - ਅਸੀਂ ਬੜੇ ਧੰਨਵਾਨ, ਜਾਗੀਰਵਾਂਨ ਹਾਂ। ਨਸ਼ਾ ਚੜਦਾ ਹੈ ਸੰਪਤੀ ਦਾ। ਤਾਂ ਬਾਪ ਹੈ ਤਕਦੀਰ ਬਣਾਉਣ ਵਾਲਾ। ਹੁਣ ਤਾਂ ਤਕਦੀਰ ਫੁੱਟੀ ਹੋਈ ਹੈ। ਕੌਡੀ ਮਿਸਲ ਤਕਦੀਰ ਹੈ ਜਾਂ ਹੀਰੇ ਮਿਸਲ ਤਕਦੀਰ ਹੈ, ਇਹ ਤੁਸੀਂ ਜੱਜ ਕਰ ਸਕਦੇ ਹੋ। ਬੇਹੱਦ ਦਾ ਬਾਪ ਸਮੁੱਖ ਬੈਠ ਤਕਦੀਰ ਬਣਾਉਂਦੇ ਹਨ। ਸੋ ਤੁਸੀਂ ਦੇਖਦੇ ਹੋ, ਜਾਣਦੇ ਹੋ। ਪਰਮਪਿਤਾ ਪਰਮਾਤਮਾ ਨੂੰ ਦੇਖਦੇ ਹੋ ਅਤੇ ਜਾਣਦੇ ਹੋ? ਬੱਚੇ ਜਾਣਦੇ ਹਨ ਅਸੀਂ ਆਤਮਾ ਹਾਂ। ਭਾਵੇਂ ਆਤਮਾ ਨੂੰ ਦੇਖਦੇ ਨਹੀਂ ਹਨ ਪਰ ਨਿਸ਼ਚੇ ਹੈ ਅਸੀਂ ਆਤਮਾ ਹਾਂ, ਸਟਾਰ ਮਿਸਲ ਹਾਂ। ਭ੍ਰਿਕੁਟੀ ਦੇ ਵਿੱਚ ਰਹਿੰਦੇ ਹਾਂ। ਇਸ ਸਮੇਂ ਤੁਹਾਨੂੰ ਬੱਚਿਆਂ ਨੂੰ ਆਤਮ - ਅਭਿਮਾਨੀ ਬਣਨਾ ਹੈ। ਇਸ ਦੇਹ ਵਿੱਚ ਰਹਿਣ ਵਾਲੇ ਨੂੰ ਆਤਮਾ ਦੇਹੀ ਕਿਹਾ ਜਾਂਦਾ ਹੈ। ਆਤਮਾ ਨੂੰ ਅਭਿਮਾਨ ਹੈ ਕਿ ਸਾਨੂੰ ਪਰਮਪਿਤਾ ਪਰਮਾਤਮਾ ਆਕੇ ਮਿਲਿਆ ਹੈ। ਬੱਚੇ ਬਾਪ ਦੇ ਕੋਲ ਜਨਮ ਲੈਂਦੇ ਹਨ ਤਾਂ ਵਾਰਿਸ ਹੁੰਦੇ ਹਨ। ਫਿਰ ਕਈ ਤਾਂ ਪਾਈ ਪਾਸੇ ਦੀ ਤਕਦੀਰ ਪਾ ਲੈਂਦੇ ਹਨ, ਕਈ ਤਾਂ ਕੁਝ ਵੀ ਨਹੀਂ ਪਾਉਂਦੇ। ਸਿਰਫ਼ ਜਨਮ ਹੀ ਪਾਉਂਦੇ ਹਨ। ਕੋਈ - ਕੋਈ ਹਨ ਜਿਨ੍ਹਾਂ ਦੇ 5 - 6 ਬੱਚੇ ਹਨ। ਤਲਬ (ਨੌਕਰੀ) ਘੱਟ ਮਿਲਦੀ ਹੈ ਤਾਂ ਸਮਝਦੇ ਹਨ ਸਾਡੀ ਤਕਦੀਰ ਵਿੱਚ ਇਹ ਸੀ। ਹੋਰਾਂ ਨੂੰ ਦੇਖਦੇ ਹਨ - ਉਹਨਾਂ ਦੀ ਤਕਦੀਰ ਵਿੱਚ ਕਿੰਨੇ ਮਹਿਲ - ਮਾੜਿਆਂ, ਤਾਜ ਅਤੇ ਤਖ਼ਤ ਹਨ। ਮਨੁੱਖ ਦੇ ਤਕਦੀਰ ਦੀ ਵਰੇਇਟੀ ਹੈ ਨਾ। ਤਾਂ ਹੁਣ ਤੁਸੀਂ ਆਪਣੀ ਤਕਦੀਰ ਨੂੰ ਜਾਣਦੇ ਹੋ ਕਿ ਕਿਸ ਤਕਦੀਰ ਦੇ ਲਈ ਅਸੀਂ ਪੁਰਸ਼ਾਰਥ ਕਰ ਰਹੇ ਹਾਂ। ਧਨ ਦੇ ਲਈ, ਸੁਖ ਦੇ ਲਈ। ਮਨੁੱਖ ਪੁਰਸ਼ਾਰਥ ਤਾਂ ਕਰਦੇ ਹੀ ਹਨ। ਧੰਨਵਾਨ ਮਨੁੱਖ ਬਿਮਾਰ ਪੈਂਦੇ ਹਨ ਤਾਂ ਚੰਗੇ - ਚੰਗੇ ਡਾਕਟਰਾਂ ਦੀ ਦਵਾਈ ਕਰਦੇ ਹਨ। ਸਮਝਦੇ ਹਨ ਧਨ ਨਾਲ ਚੰਗੀ ਦਵਾਈ ਹੋਵੇਗੀ। ਤਾਂ ਧਨ ਦੀ ਗੱਲ ਹੈ ਨਾ। ਤੁਸੀਂ ਬੜੀ ਜਬਰਦਸਤ ਤਕਦੀਰ ਬਣਾਉਂਦੇ ਹੋ ਸ਼੍ਰੀਮਤ ਨਾਲ। ਬੱਚੇ ਜਾਣਦੇ ਹਨ ਬਾਬਾ ਉੱਚ ਤੇ ਉੱਚ ਤਕਦੀਰ ਬਣਾਉਂਦੇ ਹਨ ਕਿਉਂਕਿ ਖੁਦ ਉੱਚ ਤੇ ਉੱਚ ਹਨ। ਹੁਣ ਤੁਸੀਂ ਉਨ੍ਹਾਂ ਦੇ ਸਾਮ੍ਹਣੇ ਬੈਠੇ ਹੋ ਨਾ। ਮਾਂ - ਬਾਪ ਦੇ ਘਰ ਵਿਚ ਬੈਠੇ ਹਨ। ਕੋਈ ਰਾਜਾ - ਰਾਣੀ ਹੈ ਤਾਂ ਸਮਝਦੇ ਹਨ ਅਸੀਂ ਅਜਿਹੇ ਕਰਮ ਕੀਤੇ ਹਨ ਜੋ ਰਾਜਾਈ ਤਕਦੀਰ ਮਿਲੀ ਹੈ। ਹੁਣ ਤੁਸੀਂ ਜਾਣਦੇ ਹੋ ਅਸੀਂ ਇਹ ਜੋ ਲਕਸ਼ਮੀ - ਨਾਰਾਇਣ ਦਾ ਚਿੱਤਰ ਵੇਖਦੇ ਹਾਂ ਉਨ੍ਹਾਂ ਨੇ ਵੀ ਅਗਲੇ ਜਨਮ ਵਿੱਚ ਤਕਦੀਰ ਬਣਾਈ ਹੈ। ਤੁਹਾਨੂੰ ਇਹ ਬੁੱਧੀ ਮਿਲੀ ਹੈ। ਮਨੁੱਖਾਂ ਦੀ ਬੁੱਧੀ ਵਿੱਚ ਇਹ ਨਹੀਂ ਆਉਂਦਾ। ਇਤਨੇ ਧਨਵਾਨ ਮਨੁੱਖ ਹਨ, ਉਨ੍ਹਾਂ ਨੂੰ ਇਹ ਤਕਦੀਰ ਕਿਵੇਂ ਮਿਲੀ? ਕਹਿਣਗੇ ਪਾਸਟ ਜਨਮ ਵਿੱਚ ਅਜਿਹੇ ਕਰਮ ਕੀਤੇ ਹਨ ਜੋ ਇਤਨਾ ਧਨਵਾਨ ਬਣੇ ਹਾਂ। ਕਰਮਾਂ ਦਾ ਫਲ ਹੈ ਹੈ। ਗਾਉਂਦੇ ਵੀ ਹਨ ਕਰਮਾਂ ਦੀ ਗਤੀ ਨਿਆਰੀ ਹੈ। ਮਨੁੱਖ ਪਾਸਟ ਦੇ ਕਰਮਾਂ ਅਨੁਸਾਰ ਹੀ ਭੋਗਦੇ ਹਨ। ਹੁਣ ਤੁਸੀਂ ਵੱਡੇ ਤੇ ਵੱਡੇ ਲਕਸ਼ਮੀ - ਨਾਰਾਇਣ ਦੇ ਤਕਦੀਰ ਦੀ ਭੇਂਟ ਕਰਦੇ ਹੋ। ਇਹ ਜੋ ਸਤਿਯੁਗ ਦੇ ਮਾਲਿਕ ਬਣੇ ਉਨ੍ਹਾਂ ਦੀ ਅਜਿਹੀ ਕਰਮ ਗਤੀ ਕਿਸ ਨੇ ਬਣਾਈ ਜੋ ਵਿਸ਼ਵ ਦੇ ਮਾਲਿਕ ਬਣੇ। ਤੁਸੀਂ ਸਾਰੇ ਚਕ੍ਰ ਨੂੰ ਜਾਣ ਚੁੱਕੇ ਹੋ।

ਤੁਸੀਂ ਬ੍ਰਾਹਮਣ ਹੁਣ ਸਵਦ੍ਰਸ਼ਨ ਚਕ੍ਰਧਾਰੀ ਬਣੇ ਹੋਏ ਹੋ। ਦੂਜੇ ਬ੍ਰਾਹਮਣ ਤਾਂ ਸਵਦ੍ਰਸ਼ਨ ਚਕ੍ਰਧਾਰੀ ਨਹੀਂ ਹੋਣਗੇ। ਉਹ ਵੀ ਬ੍ਰਾਹਮਣ, ਤੁਸੀਂ ਵੀ ਬ੍ਰਾਹਮਣ ਹੋ। ਪਰ ਤੁਸੀਂ ਜਾਣਦੇ ਹੋ ਕਿ ਅਸੀਂ ਹਾਂ ਸੱਚੇ ਬ੍ਰਾਹਮਣ। ਬ੍ਰਹਮਾ ਦੀ ਮੁਖ ਵੰਸ਼ਾਵਲੀ। ਜਰੂਰ ਬ੍ਰਹਮਾ ਵੀ ਕਿਸੇ ਦਾ ਬੱਚਾ ਹੋਵੇਗਾ। ਉਹ ਹੈ ਸ਼ਿਵਬਾਬਾ ਦਾ ਬੱਚਾ। ਸ਼ਿਵਬਾਬਾ ਤੇ ਰਚਿਯਤਾ ਹੈ, ਉਹਨਾਂ ਦਾ ਕੋਈ ਬਾਪ ਨਹੀਂ। ਤਾਂ ਹੁਣ ਤੁਹਾਡੀ ਤਕਦੀਰ ਪਰਮਪਿਤਾ ਪਰਮਾਤਮਾ ਬਣਾਉਂਦੇ ਹਨ। ਬਾਪ ਨਾਲ ਹੀ ਤਕਦੀਰ ਬਣਦੀ ਹੈ। ਕਾਕਾ,ਚਾਚਾ, ਮਾਮਾ ਆਦਿ ਨਾਲ ਨਹੀਂ ਬਣਦੀ। ਹਾਂ, ਕਿਸੇ ਦੀ ਬਣ ਸਕਦੀ ਹੈ। ਜੇਕਰ ਉਹ ਐਡੋਪਡ ਕਰਨ ਤਾਂ। ਤੁਹਾਨੂੰ ਬੱਚਿਆਂ ਨੂੰ ਵੀ ਐਡੋਪਡ ਕੀਤਾ ਹੈ, ਡਰਾਮੇ ਅਨੁਸਾਰ ਕਲਪ ਪਹਿਲੇ ਮੁਅਫਿਕ। ਉਹਨਾਂ ਤੋਂ ਉੱਚਾ ਕੋਈ ਹੈ ਨਹੀਂ। ਪ੍ਰਜਾਪਿਤਾ ਬ੍ਰਹਮਾ ਨੂੰ ਇੰਨੇ ਬੱਚੇ ਹਨ, ਢੇਰ ਦੇ ਢੇਰ। ਉਹਨਾਂ ਨੂੰ ਬਾਪ ਕੋਲੋਂ ਕੀ ਵਰਸਾ ਮਿਲਿਆ ਹੋਵੇਗਾ। ਤੁਸੀਂ ਸਮਝਦੇ ਹੋ ਸ਼ਿਵਬਾਬਾ ਹੈ ਸਭ ਆਤਮਾਵਾਂ ਦਾ ਬਾਪ ਅਤੇ ਬ੍ਰਹਮਾ ਹੈ ਸਭ ਜੀਵ ਆਤਮਾਵਾਂ ਦਾ ਬਾਪ। ਤੁਸੀਂ ਇਸ ਵਿੱਚ ਭਰਾ ਭੈਣ ਹੋ ਜਾਂਦੇ ਹੋ। ਬਾਪ ਤਾਂ ਤੁਹਾਨੂੰ ਬੱਚਿਆਂ ਨੂੰ ਕਹਿੰਦੇ ਹਨ - ਵੇਖਿਆ, ਤੁਹਾਡੀ ਤਕਦੀਰ ਕਿੰਨੀ ਉੱਚੀ ਹੈ। ਮੈਂ

ਤੁਹਾਨੂੰ ਪੜ੍ਹਾਕੇ ਕਿੰਨਾ ਤਕਦੀਰਵਾਨ ਬਣਾਉਂਦਾ ਹਾਂ। ਬਰੋਬਰ ਸਤਿਯੁਗ ਆਦਿ ਵਿੱਚ ਸ਼੍ਰੀ ਲਕਸ਼ਮੀ - ਨਾਰਾਇਣ ਅਤੇ ਇਹਨਾਂ ਸਵਰਗਵਾਸੀਆਂ ਦੀ ਰਾਜਧਾਨੀ ਸੀ। ਕਿੰਨੀ ਉਹਨਾਂ ਦੀ ਉੱਚ ਤਕਦੀਰ ਬਣਾਈ ਹੈ। ਇਹ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਰਾਜ਼ ਹੈ ਕਿ ਸ਼ਿਵਬਾਬਾ ਨੇ ਹੀ ਉਹਨਾਂ ਦੀ ਉੱਚ ਤਕਦੀਰ ਬਣਾਈ ਸੀ। ਉਹ ਤਕਦੀਰ ਭੋਗ 84 ਜਨਮ ਪੂਰੇ ਕੀਤੇ। ਹੁਣ ਫਿਰ ਤੋਂ ਉਹ ਤਕਦੀਰ ਬਣਾ ਰਹੇ ਹਨ। ਇਹ ਤੁਹਾਡੀ ਬੁੱਧੀ ਵਿੱਚ ਗਿਆਨ ਹੈ। ਗਿਆਨ ਸਾਗਰ ਸ਼ਿਵਬਾਬਾ ਦੇ ਸਿਵਾਏ ਕੋਈ ਵੀ ਸਮਝ ਨਾ ਸਕੇ। ਅਜਿਹਾ ਬਾਪ ਕਿੰਨਾ ਲਵਲੀ ਹੈ। ਬਾਪ ਵੀ ਕਹਿੰਦੇ ਹਨ ਤੁਸੀਂ ਵੀ ਲਵਲੀ ਬੱਚੇ ਹੋ। ਤੁਹਾਨੂੰ ਮੈਂ ਫ਼ਰਮਾਨ ਕਰਦਾ ਹਾਂ ਕਿ ਨਿਰੰਤਰ ਮੈਨੂੰ ਯਾਦ ਕਰਨ ਦਾ ਅਭਿਆਸ ਕਰੋ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋ ਜਾਣਗੇ। ਤੁਸੀਂ ਜਾਣਦੇ ਹੋ ਸ਼ਿਵਬਾਬਾ ਹੁਣ ਇਸ ਬ੍ਰਹਮਾ ਤਨ ਵਿੱਚ ਸਮੁੱਖ ਹੈ। ਬਾਪ ਨੇ ਸਮਝਾਇਆ ਹੈ ਮੈਂ ਤੇ ਸਦੈਵ ਨਿਰਾਕਾਰ ਹਾਂ। ਮੇਰਾ ਨਾਮ ਸ਼ਿਵ ਹੀ ਹੈ। ਮੈਂ ਸਾਕਾਰ ਵਿੱਚ ਆਕੇ ਪੁਨਰਜਨਮ ਨਹੀਂ ਲੈਂਦਾ ਹਾਂ। ਉਹ ਨਿਰਾਕਾਰ ਪਰਮਪਿਤਾ ਗਿਆਨ ਦਾ ਸਾਗਰ ਹੈ। ਉਹ ਤਕਦੀਰ ਬਣਾਉਣ ਵਾਲਾ ਹੈ। ਹੈਵਿਨਲੀ ਗੋਡ ਫ਼ਾਦਰ ਹੈਵਿਨ ਦੀ ਸਥਾਪਨਾ ਕਰੇਗਾ ਨਾ। ਤੁਸੀਂ ਜਾਣਦੇ ਹੋ ਬਾਪ ਕਿਵੇਂ ਬ੍ਰਹਮਾ ਤਨ ਵਿੱਚ ਸਮੁੱਖ ਗੱਲ ਕਰ ਰਹੇ ਹਨ। ਕਹਿੰਦੇ ਹਨ ਲਾਡਲੇ ਬੱਚੇ, ਹੁਣ ਤੁਹਾਡਾ ਡਰਾਮਾ ਪੂਰਾ ਹੋਇਆ। ਆਤਮਾ ਸੁਣਦੀ ਹੈ। ਆਤਮਾ ਹੀ ਜਾਣਦੀ ਹੈ ਕਿ ਇਹ ਅਸਲ ਗੱਲ ਹੈ। ਬਾਪ ਕਹਿੰਦੇ ਹਨ ਜਿਨਾਂ ਹੋ ਸਕੇ ਮੈਨੂੰ ਯਾਦ ਕਰੋ ਅਤੇ ਸਾਰੀ ਸ੍ਰਿਸਟੀ ਦੇ ਚੱਕਰ ਦੀ ਨਾਲੇਜ਼ ਤੁਹਾਨੂੰ ਹੀ ਦਿੱਤੀ ਹੈ। ਕਿਸੇ ਨੂੰ ਚੰਗੀ ਤਰ੍ਹਾਂ ਧਾਰਨ ਹੁੰਦੀ ਹੈ, ਕੋਈ ਭੁੱਲ ਜਾਂਦੇ ਹਨ। ਹੁਣ ਤੁਸੀਂ ਬੈਠੇ ਹੋ, ਤੁਹਾਨੂੰ ਇਹ ਗਿਆਨ ਅੰਮ੍ਰਿਤ ਦੇ ਰਹੇ ਹਨ ਮਤਲਬ ਨਾਲੇਜ਼ ਪੜ੍ਹਾ ਰਹੇ ਹਨ। ਸਮੁੱਖ ਸ਼ਿਵਬਾਬਾ ਬੈਠਾ ਹੈ। ਉਹ ਜਨਮ - ਮਰਨ ਵਿੱਚ ਨਹੀਂ ਆਉਂਦਾ ਹੈ। ਤੁਹਾਡਾ ਤੇ ਜਨਮ ਬਾਈ ਜਨਮ ਨਾਮ, ਰੂਪ, ਦੇਸ਼ ਕਾਲ ਬਦਲਦਾ ਜਾਂਦਾ ਹੈ। ਫੀਚਰਸ ਸਦੈਵ ਨਿਆਰੇ ਮਿਲਦੇ ਹਨ। ਇਹ ਕਿੰਨੀਆਂ ਗੁਹੇ ਸੂਕ੍ਸ਼੍ਮ ਗੱਲਾਂ ਹਨ। ਤੁਹਾਡੀ ਆਤਮਾ ਘੜੀ - ਘੜੀ ਇੱਕ ਸ਼ਰੀਰ ਛੱਡ ਦੂਸਰਾ ਲੈਂਦੀ ਹੈ। ਇਸ ਸਮੇਂ ਜੋ ਤੁਹਾਡਾ ਰੂਪ ਹੈ, ਦੂਸਰੇ ਜਨਮ ਵਿੱਚ ਇਹ ਨਹੀਂ ਰਹੇਗਾ। ਇੱਕ ਨਾ ਮਿਲੇ ਦੂਸਰੇ ਨਾਲ। ਆਤਮਾ ਇੱਕ ਸ਼ਰੀਰ ਛੱਡ ਦੂਸਰਾ ਲੈਂਦੀ ਹੈ ਤਾਂ ਉਹਨਾਂ ਦੀ ਐਕਟੀਵਿਟੀ, ਖਿਆਲਾਤ ਆਦਿ ਸਭ ਬਦਲ ਜਾਂਦੇ ਹਨ। ਆਤਮਾ ਨੂੰ ਕਿੰਨਾ ਵੱਖ - ਵੱਖ ਪਾਰ੍ਟ ਵਜਾਉਣਾ ਪੈਂਦਾ ਹੈ। ਵੱਖ ਨਾਮ, ਰੂਪ ਦੇਸ਼ ਕਾਲ ਐਕਟੀਵਿਟੀ ਨਾਲ ਪਾਰ੍ਟ ਵਜਾਉਂਦੀ ਹੈ। ਐਕਟਿਵਿਟੀ ਵੀ ਬਦਲਦੀ ਰਹਿੰਦੀ ਹੈ - ਕਦੀ ਰਾਜਾ ਦੀ, ਕਦੀ ਰੰਕ ਦੀ। ਇਵੇਂ ਨਹੀਂ ਕਦੀ ਕੁੱਤੇ - ਬਿੱਲੀ ਵੀ ਬਣਦੇ ਹਨ। ਨਹੀਂ। ਹੁਣ ਤੁਸੀਂ ਜਾਣਦੇ ਹੋ ਅਸੀਂ ਭਵਿੱਖ ਵਿੱਚ ਪ੍ਰਿੰਸ -ਪ੍ਰਿੰਸਸ ਬਣਨ ਦੇ ਲਈ ਪੁਰਸ਼ਾਰਥ ਕਰਦੇ ਹਾਂ। ਮਨੁੱਖ ਤੋਂ ਦੇਵਤੇ ਬਣ ਰਹੇ ਹਾਂ। ਇਹ ਮੰਮਾ - ਬਾਬਾ ਵੀ ਪੁਰਸ਼ਾਰਥ ਕਰ ਰਹੇ ਹਨ। ਫਿਰ ਭਵਿੱਖ ਵਿੱਚ ਜਾਕੇ ਲਕਸ਼ਮੀ - ਨਰਾਇਣ ਬਣਨਗੇ। ਅਸੀਂ ਵੀ ਆਪਣੀ ਤਕਦੀਰ ਬਣਾਉਣ ਲਈ ਜਿੰਨਾਂ ਪੁਰਸ਼ਾਰਥ ਕਰਾਂਗੇ ਓਨਾ ਬਹੁਤ ਸੁਖ ਮਿਲੇਗਾ। ਕਿੰਨੀ ਜਬਰਦਸਤ ਕਮਾਈ ਹੈ। ਉਹ ਤਾਂ ਕਰਕੇ ਅਲਪਕਾਲ ਦੇ ਸੁਖ ਦੇ ਲਈ ਪੜ੍ਹਕੇ ਇਸ ਹੀ ਜਨਮ ਵਿੱਚ ਬੈਰਿਸਟਰ ਆਦਿ ਬਣਨਗੇ। ਦੂਸਰੇ ਜਨਮ ਦੀ ਗੱਲ ਹੀ ਨਹੀਂ। ਸੋ ਵੀ ਬਣੇ, ਨਾ ਬਣੇ, ਹੋ ਸਕਦਾ ਹੈ। ਤੁਸੀਂ ਤੇ ਸਮਝਦੇ ਹੋ ਕਿ ਅਸੀਂ ਭਵਿੱਖ ਵਿੱਚ ਜਰੂਰ ਜਾਵਾਂਗੇ। ਫਿਰ ਉੱਥੇ ਦੇਵੀ - ਦੇਵਤਾ ਕਹਾਉਣਗੇ। ਇਹ ਕਦੀ ਭੁੱਲਣਾ ਨਹੀਂ ਹੈ ਕਿ ਬਾਪ ਕੋਲੋਂ ਅਸੀਂ ਸਵਰਗ ਦੇ ਤਾਉਸੀ ਤਖ਼ਤ ਲੈਕੇ ਹੀ ਛੱਡਾਂਗੇ। ਉੱਚ ਤੇ ਉੱਚ ਬਣਕੇ ਹੀ ਦਿਖਾਵਾਂਗੇ। ਗੋਡ ਫ਼ਾਦਰ ਪੜ੍ਹਾਉਂਦੇ ਹਨ ਉਹ ਵੀ ਇੱਥੇ ਬੁੱਧੀ ਵਿੱਚ ਆਉਂਦਾ ਹੈ। ਅਸੀਂ ਚੰਗੀ ਤਰ੍ਹਾਂ ਪੜ੍ਹਕੇ 21 ਜਨਮ ਦੇ ਲਈ ਆਪਣੀ ਪ੍ਰਾਲਬੱਧ ਬਣਾਉਂਦੇ ਹਾਂ। ਇਸ ਸਮੇਂ ਜਿਨਾਂ ਪੁਰਸ਼ਾਰਥ ਕਰੋਂਗੇ ਓਨਾ ਉੱਚ ਤਕਦੀਰ ਬਣਾਓਗੇ। ਉਹ ਤਕਦੀਰ ਕਲਪ - ਕਲਪ ਕਾਇਮ ਰਹੇਗੀ ਇਸਲਈ ਇਸ ਸਮੇਂ ਤਕਦੀਰ ਦੇ ਲਈ ਚੰਗਾ ਪੁਰਸ਼ਾਰਥ ਕਰਨਾ ਚਾਹੀਦਾ ਹੈ। ਬੜੀ ਭਾਰੀ ਤਕਦੀਰ ਹੈ। ਬਹੁਤ ਸੁਖ ਹੈ। ਭਾਵੇਂ ਇੱਥੇ ਕਿਸੇ ਦੇ ਕੋਲ ਕਰੋੜ ਹਨ ਪਰ ਪਾਈ ਦਾ ਵੀ ਸੁਖ ਨਹੀਂ ਹੈ। ਉੱਥੇ ਤਾਂ ਬਿਲਕੁਲ ਸ਼ਾਂਤੀ ਨਾਲ ਪ੍ਰਾਲਬੱਧ ਭੋਗੋਂਗੇ। ਇੱਥੇ ਤਾਂ ਕਿੰਨੀਆਂ ਆਫ਼ਤਾਂ ਆਉਂਦੀਆਂ ਰਹਿੰਦੀਆਂ ਹਨ। ਥੋੜੇ ਟਾਇਮ ਵਿੱਚ ਬਹੁਤ ਦੇਵਾਲਾ ਕੱਢਣਗੇ। ਮਰਦੇ ਜਾਣਗੇ। ਭਾਵੇਂ ਇੰਸ਼ੋਅਰ ਕਰਦੇ ਹਨ ਪਰ ਇੰਸ਼ੋਅਰੇਂਸ ਕੰਪਨੀ ਵੀ ਕੀ ਕਰ ਸਕੇਗੀ? ਹਿਰੋਸ਼ਿਮਾ ਦਾ ਕੀ ਹਾਲ ਹੋਇਆ! ਕਿੰਨੇ ਆਦਮੀ ਮਰੇ! ਇੰਸ਼ਿਓਰ ਕੰਪਨੀ ਨੇ ਵੀ ਦੇਵਾਲਾ ਮਾਰਿਆ। ਇੱਥੇ ਵੀ ਇਵੇਂ ਹੀ ਹੋਵੈਗਾ। ਸਭ ਖਤਮ ਹੋ ਜਾਣਗੇ। ਇੰਸ਼ਿਓਰੇਂਸ ਵਾਲੇ ਕਿਸ ਨੂੰ ਪੈਸਾ ਦੇਣਗੇ? ਕੌਣ ਇੱਕ - ਦੂਜੇ ਦਾ ਦੀਵਾ ਜਗਾਉਣਗੇ?

ਮਨੁੱਖਾਂ ਵਿੱਚ ਅੰਧ ਵਿਸ਼ਵਾਸ਼ ਕਿੰਨਾਂ ਹੈ। ਵੱਡੇ ਆਦਮੀ ਦਾ ਸ਼ੋ ਕਰਦੇ ਹਨ। ਰਿਸ਼ੀ ਮੁਨੀਆਂ ਨੂੰ ਉਨ੍ਹਾਂ ਤੋਂ ਵੀ ਵੱਡਾ ਸਮਝਦੇ ਹਨ। ਭਾਵੇਂ ਰਿਲੀਜਨ ਨੂੰ ਨਹੀਂ ਮੰਨਦੇ, ਪਰ ਸੰਨਿਆਸੀਆਂ ਨੂੰ ਨਮਨ ਜਰੂਰ ਕਰਦੇ ਹੋਣਗੇ। ਸਾਧੂਆਂ ਦੇ ਅੱਗੇ ਜਾਕੇ ਦੰਡਵਤ ਪ੍ਰਣਾਮ ਕਰਨਗੇ। ਸਾਧੂ ਉਨ੍ਹਾਂ ਦੇ ਅੱਗੇ ਨਹੀਂ ਕਰਨਗੇ ਕਿਉਂਕਿ ਸਮਝਦੇ ਹਨ ਮੈਂ ਉੱਚ ਪਵਿਤ੍ਰ ਹਾਂ। ਇਹ ਬਾਪ ਤੇ ਕਹਿੰਦੇ ਹਨ ਮੇਰੇ ਲਾਡਲੇ ਬੱਚਿਓ - ਅਸੀਂ ਬੱਚਿਆਂ ਨੂੰ ਨਮਸਤੇ ਕਰਦੇ ਹਾਂ। ਤੁਸੀਂ ਤਾਂ ਸਾਡੇ ਸਿਰ ਦੇ ਮੋਰ ਹੋ। ਤੁਸੀਂ ਵਿਸ਼ਵ ਦੇ ਮਾਲਿਕ ਬਣੋਗੇ। ਬ੍ਰਾਹਮੰਡ ਦੇ ਵੀ ਤੁਸੀਂ ਮਾਲਿਕ ਹੋ। ਤੁਸੀਂ ਡਬਲ ਮਾਲਿਕ ਹੋ। ਮੈਂ ਸਿੰਗਲ ਸਿਰਫ ਬ੍ਰਹਮੰਡ ਮਾਲਿਕ ਹਾਂ। ਅਜਿਹੀਆਂ ਗੱਲਾਂ। ਸਿਵਾਏ ਬਾਪ ਦੇ ਕੋਈ ਸਮਝਾ ਨਹੀਂ ਸਕਦਾ। ਤਾਂ ਅਜਿਹੇ ਬਾਪ ਨੂੰ ਕਿੰਨਾਂ ਯਾਦ ਕਰਨਾ ਚਾਹੁੰਦਾ ਹੈ, ਜਿਸ ਤੋਂ ਅਜਿਹਾ ਵਰਸਾ ਮਿਲਦਾ ਹੈ। ਬਾਪ ਕਹਿੰਦੇ ਹਨ ਵੇਖੋ ਕਿੰਨੇ ਬੱਚੇ ਇੱਥੋਂ ਹੋਕੇ ਜਾਂਦੇ ਹਨ। ਫਿਰ ਛੇ ਮਹਿਨੇ ਵਿਚ ਵੀ ਬਾਪ ਨੂੰ ਮੁਸ਼ਕਿਲ ਪਤ੍ਰ ਲਿਖਦੇ ਹਨ। ਅਰੇ ਪ੍ਰਾਂਦੇਂ ਵਾਲੇ ਪ੍ਰਾਣਾਂ ਤੋਂ ਪਿਆਰੇ ਬਾਪ ਨੂੰ ਚਿੱਠੀ ਨਹੀਂ ਲਿਖਦੇ। ਇਸਤਰੀ - ਪੁਰਸ਼ ਇੱਕ ਦੂਜੇ ਨੂੰ ਚਿੱਠੀ ਲਿਖਦੇ ਹਨ ਤਾਂ ਕਹਿੰਦੇ ਹਨ ਪ੍ਰਾਨੇਸ਼ਵਰ ਫਲਾਣਾ, ਅਸਲ ਵਿਚ ਕੋਈ ਪ੍ਰਾਨੇਸ਼ਵਰ ਤਾਂ ਹੈ ਨਹੀਂ। ਪ੍ਰਾਣੇਸ਼ਵਰ ਤੇ ਇੱਕ ਹੀ ਬਾਪ ਹੈ। ਸਾਰੇ ਪ੍ਰਾਣਾਂ ਦਾ ਈਸ਼ਵਰ ਉਹ ਇੱਕ ਹੈ। ਉਹ ਕਹਿੰਦੇ ਹਨ - ਪ੍ਰਾਨੇਸ਼ਵਰ ਬੱਚੇ ਮਤਲਬ ਪ੍ਰਾਣ ਬਚਾਉਣ ਵਾਲੇ ਈਸ਼ਵਰ ਦੇ ਬੱਚੇ। ਬੱਚੇ ਵੀ ਕਹਿੰਦੇ ਹਨ ਪ੍ਰਾਨੇਸ਼ਵਰ ਬਾਬਾ, ਸਾਡੇ ਪ੍ਰਾਣ ਬਚਾਉਣ ਵਾਲਾ ਬਾਬਾ। ਇੱਥੋਂ ਹੀ ਇਹ ਨਾਮ ਨਿਕਲਿਆ ਹੋਇਆ ਹੈ। ਭਾਰਤ ਵਿਚ ਹੀ ਇਵੇਂ ਪ੍ਰਾਨੇਸ਼ਵਰ, ਪ੍ਰਾਨੇਸ਼ਵਰੀ ਲਿਖਦੇ ਹਨ। ਪ੍ਰੰਤੂ ਹੈ ਨਹੀਂ। ਪ੍ਰਾਣਾਂ ਦਾ ਦਾਨ ਤੇ ਬਾਪ ਹੀ ਦਿੰਦੇ ਹਨ। ਬਾਪ ਕਹਿੰਦੇ ਹਨ ਤੁਸੀਂ ਮੇਰੇ ਬਣਦੇ ਹੋ ਤਾਂ ਤੁਹਾਨੂੰ ਕੋਈ ਦੁੱਖ ਦੇ ਨਹੀਂ ਸਕਦੇ। ਆਤਮਾ ਨੂੰ ਹੀ ਦੁੱਖ ਮਿਲਦਾ ਹੈ, ਆਤਮਾ ਫੀਲ ਕਰਦੀ ਹੈ ਬਾਪ ਕਿਨਾਂ ਪਿਆਰ ਨਾਲ ਸਮਝਾਉਂਦੇ ਹਨ। ਯਾਦ ਵੀ ਉਨ੍ਹਾਂ ਨੂੰ ਕਰਦੀ

ਹੈ, ਮਹਿਮਾ ਕਰਦੀ ਹੈ। ਮੰਮਾ ਨੂੰ ਵੀ ਕਿਨਾਂ ਯਾਦ ਕਰਦੇ ਹਨ। ਜੋ ਬਹੁਤਿਆਂ ਦੀ ਚੰਗੀ ਸਰਵਿਸ ਕਰਦੇ ਹਨ ਉਨ੍ਹਾਂ ਨੂੰ ਕਿਨਾਂ ਉੱਚ ਮਰਤਬਾ ਮਿਲਦਾ ਹੈ। ਫਿਰ ਉਨ੍ਹਾਂ ਦੇ ਬਾਦ ਸੈਕਿੰਡ ਨੰਬਰ ਵਿੱਚ ਜੋ ਸਰਵਿਸ ਵਿਚ ਬਾਬਾ ਨੂੰ ਫਾਲੋ ਕਰਦੇ ਹਨ। ਤੁਹਾਨੂੰ ਬਹੁਤ ਰਹਿਮਦਿਲ ਬਣਨਾ ਹੈ। ਜਿਵੇਂ ਬਾਬਾ ਨੇ ਸਾਨੂੰ ਬਣਾਇਆ ਹੈ, ਅਸੀਂ ਫਿਰ ਦੂਜਿਆਂ ਨੂੰ ਬਣਾਈਏ। ਕਿੰਨੀ ਵੱਡੀ ਪ੍ਰਾਪਰਟੀ ਦੀ ਪ੍ਰਾਪਤੀ ਹੈ - ਸਵਰਗ ਦੀ ਰਾਜਧਾਨੀ! ਉੱਥੇ ਅਸੀਂ ਕਿੰਨੇ ਸਾਹੂਕਾਰ ਰਹਿੰਦੇ ਹਾਂ ਜੋ ਸੋਨੇ ਹੀਰੇ ਦੇ ਮਹਿਲ ਬਣਾਵਾਂਗੇ। ਇੱਕ ਮਾਇਆ ਮਛੰਦਰ ਦਾ ਖੇਲ ਵੀ ਵਿਖਾਉਂਦੇ ਹਨ। ਉਸਨੇ ਵੇਖਿਆ ਸੋਨੇ ਦੀ ਇੱਟ ਪਈ ਹੈ, ਥੋੜ੍ਹੀ ਲੈ ਜਾਵਾਂ। ਤੁਸੀਂ ਸਖਸ਼ਤਕਾਰ ਵਿੱਚ ਸਵਰਗ ਦੇ ਮਹਿਲ ਵੇਖਦੇ ਹੋ। ਸੋਨੇ ਦੀਆਂ ਖਾਣੀਆਂ ਵੇਖਦੇ ਹੋ ਸਮਝਦੇ ਹੋ ਥੋੜ੍ਹੀ ਲੈ ਜਾਈਏ। ਸੂਖਸ਼ਮਵਤਨ ਵਿਚ ਸੋਨਾ ਨਹੀਂ ਮਿਲਦਾ। ਸੋਨਾ ਬੈਕੁੰਠ ਵਿੱਚ ਰਹਿੰਦਾ ਹੈ। ਤੁਸੀਂ ਜਾਣਦੇ ਹੋ ਉੱਥੇ ਖਾਣੀਆਂ ਵਿੱਚੋ ਅਸੀਂ ਵਿਮਾਨ ਵਿੱਚ ਜਾਕੇ ਸੋਨਾ ਭਰਕੇ ਲੈ ਆਵਾਂਗੇ। ਸੋਨੇ ਦੀਆਂ ਵੱਡੀਆਂ - ਵੱਡਿਆਂ ਇੱਟਾਂ ਵੀ ਹੁੰਦੀਆਂ ਹਨ। ਹੁਣ ਵੀ ਵੱਡਿਆਂ - ਵੱਡਿਆਂ ਦੇ ਕੋਲ ਸੋਨਾ ਤੇ ਪਿਆ ਹੈ ਨਾ। ਭਾਰਤ ਨੂੰ ਸੋਨਾ - ਚਾਂਦੀ ਤੇ ਜਰੂਰ ਰੱਖਣਾ ਹੈ। ਸਭ ਦੇ ਕੋਲ ਵੱਡੀਆਂ - ਵੱਡੀਆਂ ਗੁਫਾਵਾਂ ਬਣੀਆਂ ਹੋਈਆਂ ਹਨ, ਜਿੱਥੇ ਕੋਈ ਲੁੱਟ ਫੁੱਟ ਨਾ ਸਕੇ। ਅੱਗ ਸਾੜ ਨਾ ਸਕੇ। ਤਾਂ ਉਹ ਸਭ ਭਵਿੱਖ ਵਿਚ ਤੁਹਾਡੇ ਹੱਥ ਆ ਜਾਵੇਗਾ। ਜਿਨ੍ਹਾਂ ਐਰੋਪਲੈਨ ਆਦਿ ਦਵਾਰਾ ਬੋਮਬਜ ਆਦਿ ਡਿੱਗਾਉਂਦੇ ਹਨ, ਵਿਨਾਸ਼ ਦੇ ਲਈ, ਉਹ ਹੀ ਚੀਜ ਫਿਰ ਸੁਖ ਦੇ ਨਿਮਿਤ ਬਣ ਜਾਵੇਗੀ। ਸਤਿਯੁਗ ਵਿੱਚ ਉਹ ਸਭ ਸੀ ਫਿਰ ਪ੍ਰਾਯੇ ਲੋਪ ਹੋ ਗਈ। ਹੁਣ ਫਿਰ ਬਣੀ ਹੈ। ਤੁਸੀਂ ਜਾਣਦੇ ਹੋ ਕਿਵੇਂ ਖਾਣੀਆਂ ਤੋਂ ਜਾਕੇ ਲੈ ਆਉਂਦੇ ਹਨ। ਖਾਣੀਆਂ ਸਭ ਨਵੀਂਆਂ ਹੋ ਜਾਂਦੀਆਂ ਹਨ। ਹੁਣ ਤਾਂ ਪੁਰਾਣੀਆਂ ਹਨ। ਤਾਂ ਅਜਿਹੀ ਤਕਦੀਰ ਬਨਾਉਣ ਵਾਲੇ ਬਾਪ ਤੋਂ ਪੂਰੀ ਤਕਦੀਰ ਲੈਣੀ ਚਾਹੀਦੀ ਹੈ। ਇਸ ਵਿੱਚ ਗਫ਼ਲਤ ਨਹੀਂ ਕਰਨੀ ਚਾਹੀਦੀ। ਬਾਪ ਅਤੇ ਵਰਸੇ ਨੂੰ ਯਾਦ ਕਰੋ। ਬਾਪ ਕਹਿੰਦੇ ਹਨ ਇੱਕ ਵਿਚ ਮੋਹ ਲਗਾਓ। ਸਵਰਗ ਨੂੰ ਯਾਦ ਕਰੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੀ ਉੱਚ ਤਕਦੀਰ ਬਨਾਉਣ ਵਿਚ ਗਫ਼ਲਤ ਨਹੀਂ ਕਰਨੀ ਹੈ। ਸ਼੍ਰੀਮਤ ਤੇ ਚੰਗੀ ਤਰ੍ਹਾਂ ਚਲ ਪੜਾਈ ਦੇ ਆਧਾਰ ਨਾਲ ਉੱਚੀ ਤਕਦੀਰ ਬਣਾਉਣੀ ਹੈ।

2. ਪ੍ਰਾਨੇਸ਼ਵਰ ਬਾਬਾ ਦੀ ਯਾਦ ਵਿੱਚ ਰਹਿ ਸਭ ਨੂੰ ਪ੍ਰਾਣ ਦਾਨ ਦੇਣਾ ਹੈ। ਸਭ ਦੇ ਪ੍ਰਾਣ ਬਚਾਉਣੇ ਹਨ। ਕਿਸੇ ਨੂੰ ਵੀ ਦੁਖੀ ਨਹੀਂ ਕਰਨਾ ਹੈ।

ਵਰਦਾਨ:- ਮਾਲਿਕਪਣੇ ਦੀ ਸਥਿਤੀ ਵਿਚ ਰਹਿ ਪ੍ਰਾਕ੍ਰਿਤੀ ਦਵਾਰਾ ਸਹਿਯੋਗ ਦੀ ਮਾਲਾ ਪਹਿਨਾਉਣ ਵਾਲੇ ਪ੍ਰਾਕ੍ਰਿਤੀਜਿੱਤ ਭਵ
ਪ੍ਰਾਕ੍ਰਿਤੀ ਤੁਸੀਂ ਮਾਲਿਕਾਂ ਦਾ ਹੁਣ ਤੋਂ ਆਵਾਹਨ ਕਰ ਰਹੀ ਹੈ, ਚਾਰੋ ਪਾਸੇ ਪ੍ਰਕ੍ਰਿਤੀ ਦੇ ਤੱਤਵ ਹਲਚਲ ਕਰਨਗੇ ਲੇਕਿਨ ਜਿੱਥੇ ਤੁਸੀਂ ਪ੍ਰਾਕ੍ਰਿਤੀ ਦੇ ਮਾਲਿਕ ਹੋਵੋਗੇ ਉੱਥੇ ਪ੍ਰਕ੍ਰਿਤੀ ਦਾਸੀ ਬਣ ਸੇਵਾ ਕਰੇਗੀ ਸਿਰਫ ਤੁਸੀਂ ਪ੍ਰਾਕ੍ਰਿਤੀਜਿੱਤ ਬਣ ਜਾਵੋ ਤਾਂ ਪ੍ਰਾਕ੍ਰਿਤੀ ਸਹਿਯੋਗ ਦੀ ਮਾਲਾ ਪਹਿਨਾਵੇਗੀ। ਜਿੱਥੇ ਤੁਸੀਂ ਪ੍ਰਾਕ੍ਰਿਤਜਿੱਤ ਬ੍ਰਾਹਮਣਾਂ ਦਾ ਪੈਰ ਹੋਵੇਗਾ, ਸਥਾਨ ਹੋਵੇਗਾ, ਉੱਥੇ ਕੋਈ ਵੀ ਨੁਕਸਾਨ ਹੋ ਨਹੀਂ ਸਕਦਾ। ਤੂਫ਼ਾਨ ਆਵੇਗਾ, ਧਰਨੀ ਹਿੱਲੇਗੀ ਪਰ ਬਾਹਰ ਸੂਲੀ ਹੋਵੇਗੀ ਇੱਥੇ ਕੰਡਾ। ਸਾਰੇ ਤੁਹਾਡੇ ਵੱਲ ਸਥੂਲ ਸੂਖਸ਼ਮ ਸਹਾਰਾ ਲੈਣ ਲਈ ਭੱਜਣਗੇ।

ਸਲੋਗਨ:- ਅਲੋਕਿਕ ਸੁਖ ਜਾਂ ਮਨਰਸ ਦਾ ਅਨੁਭਵ ਕਰਨਾ ਹੈ ਤਾਂ ਮਨਮਨਾਭਵ ਦੀ ਸਥਿਤੀ ਵਿਚ ਰਹੋ।

******